ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ, ਐਸ ਏ ਐਸ ਨਗਰ
ਕੰਪ:ਪੰ.ਸ.ਸ.ਬ, ਈ-ਬਲਾਕ, 6ਵੀਂ ਮੰਜਿਲ, ਫੇਜ:8, ਸਅਸ ਨਗਰ

ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐਸਿੱ), ਪੰਜਾਬ।
2. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ/ਡੀ.ਡੀ.ਓਜ।

ਮੀਮੋ ਨੰ: ਟਰਾਂਸਫਰਸੈੱਲ/2025666102/14
ਮਿਤੀ:ਐਸ.ਏ.ਐਸ ਨਗਰ: 21-10-2025

ਵਿਸ਼ਾ:- **ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕ (ਈਟੀਟੀ, ਹੈੱਡ ਟੀਚਰ ਅਤੇ ਸੈਂਟਰ ਹੈੱਡ ਟੀਚਰ) ਦੀਆਂ ਬਦਲੀਆਂ ਦੀਆਂ ਬੇਨਤੀਆਂ ਬੀਪੀਈਓਜ/ਡੀਡੀਓਜ ਵੱਲੋਂ ਤਸਦੀਕ ਕਰਨ ਸਬੰਧੀ।**

ਹਵਾਲਾ:- **ਦਫਤਰ ਦੇ ਮੀਮੋ ਨੰ: ਟਰਾਂਸਫਰਸੈੱਲ/2025666102/11, ਮਿਤੀ:ਐਸ.ਏ.ਐਸ ਨਗਰ: 06-10-2025 ਅਤੇ ਮੀਮੋ ਨੰ: ਟਰਾਂਸਫਰਸੈੱਲ/2025666102/13, ਮਿਤੀ:ਐਸ.ਏ.ਐਸ ਨਗਰ:13-10-2025 ਦੇ ਸਬੰਧ ਵਿੱਚ।**

1.0 ਪੰਜਾਬ ਸਰਕਾਰ ਸਿੱਖਿਆ ਵਿਭਾਗ ਦੇ ਪੱਤਰ ਨੰ: 11/35/2018-1Edu6/1508658, ਮਿਤੀ 25.06.2019 ਰਾਹੀਂ ਅਧਿਆਪਕਾਂ ਦੀ Teachers Transfer Policy-2019 ਜਾਰੀ ਕੀਤੀ ਗਈ ਅਤੇ ਉਸ ਉਪਰੰਤ ਸਮੇਂ-2 ਤੇ ਸੋਧਾਂ ਜਾਰੀ ਕੀਤੀਆਂ ਗਈਆਂ ਸਨ।

2.0 ਸਿੱਖਿਆ ਵਿਭਾਗ ਵੱਲੋਂ ਜਾਰੀ ਅਧਿਸੂਚਨਾ SED-EDU6021/2/2023-1ਸਿ6/30 ਮਿਤੀ 26.02.2024 ਰਾਹੀਂ Exempted Category ਅਧੀਨ ਕਵਰ ਹੋਣ ਵਾਲੇ ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕਾਂ (ਈਟੀਟੀ, ਹੈੱਡ ਟੀਚਰ ਅਤੇ ਸੈਂਟਰ ਹੈੱਡ ਟੀਚਰ) ਨੂੰ ਬਦਲੀ ਲਈ ਵੇਰਵੇ ਜਿਵੇਂ ਕਿ General Details, Results, Service Record ਮਿਤੀ 06-10-2025 ਤੋਂ 17-10-2025 ਤੱਕ ਭਰਨ ਲਈ ਸਮਾਂ ਦਿੱਤਾ ਗਿਆ ਸੀ।

3.0 ਦਰਖਾਸਤਕਰਤਾਵਾਂ ਵੱਲੋਂ ਬਦਲੀ ਲਈ ਬੇਨਤੀ ਕਰਦੇ ਸਮੇਂ ਜੋ ਡਾਟਾ ਭਰਿਆ ਗਿਆ ਹੈ, ਉਸਦੀ ਤਸਦੀਕ ਬੀਪੀਈਓ/ਡੀਡੀਓ ਵੱਲੋਂ ਮਿਤੀ 21-10-2025 ਤੋਂ 24-10-2025 ਤੱਕ ਕੀਤੀ ਜਾਣੀ ਹੈ। ਇਸ ਮੰਤਵ ਲਈ ਬੀਪੀਈਓ/ਡੀਡੀਓ ਈਪੰਜਾਬ ਪੋਰਟਲ ਤੇ ਲਾਗ ਇੰਨ ਕਰਕੇ Staff Menu ਵਿੱਚ ਦਿੱਤੇ ਲਿੰਕ Transfer and Verification ਤੇ ਜਾ ਕੇ ਦਰਖਾਸਤਕਰਤਾ ਵੱਲੋਂ ਭਰੇ ਡਾਟੇ ਦੀ ਵੈਰੀਫਿਕੇਸ਼ਨ ਕਰਨਗੇ। ਵੈਰੀਫਿਕੇਸ਼ਨ ਉਪਰੰਤ ਜੇਕਰ ਰਿਕਾਰਡ ਅਨੁਸਾਰ ਬਿਨੈਕਾਰ ਦੇ ਡਾਟੇ ਵਿੱਚ ਕੋਈ ਤਰੁੱਟੀ ਪਾਈ ਜਾਂਦੀ ਹੈ ਤਾਂ ਬੀਪੀਈਓ/ਡੀਡੀਓ ਉਸਨੂੰ ਆਪਣੀ ਤਸੱਲੀ ਕਰਨ ਉਪਰੰਤ ਦਰੁਸਤ ਕਰਨਾ ਯਕੀਨੀ ਬਣਾਉਣਗੇ। ਬੀਪੀਈਓ/ਡੀਡੀਓ ਡਾਟਾ ਵੈਰੀਫਿਕੇਸ਼ਨ ਕਰਨ ਉਪਰੰਤ Approve ਦਾ ਬਟਨ ਦਬਾਉਣਗੇ।

ਸਹਾਇਕ ਡਾਇਰੈਕਟਰ (ਅਮਲਾ-1)